# 'ਮਹਿਕ ਵਤਨ ਦੀ ਲਾਈਵ' ਕੈਨੇਡਾ ਦੀਆਂ ਲਾਇਬ੍ਰੇਰੀਆਂ ਵਾਸਤੇ ਪ੍ਰਮਾਣਿਤ

**ਬਰੈਂਪਟਨ, ਟੋਰਾਂਟੋ/ ਲਾਜਵਿੰਦਰ ਗਰੇਵਾਲ**

ਭਵਨਦੀਪ ਸਿੰਘ ਪੁਰਬਾ ਦੀ ਸੰਪਾਦਨਾ ਹੇਠ ਚੱਲ ਰਹੇ ਅੰਤਰ-ਰਾਸਟਰੀ ਪੰਜਾਬੀ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਨੂੰ ਬਰੈਂਪਟਨ, ਟੋਰਾਂਟੋ ਵਿਖੇ ਲਾਇਬ੍ਰੇਰੀਆਂ ਵਾਸਤੇ ਮਾਨਤਾ ਮਿਲ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਨੇਡਾ ਐਡੀਸ਼ਨ ਦੇ ਸੰਪਾਦਕ ਸ. ਭਜਨ ਸਿੰਘ ਬਾਹਬਾਂ ਨੇ ਦੱਸਿਆ ਕਿ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਪਿਛਲੇ 16 ਸਾਲਾਂ ਤੋਂ ਮੋਗਾ ਪੰਜਾਬ ਵਿੱਚ ਚੱਲ ਰਿਹਾਂ ਹੈ ਜਿਸ ਨੇ ਪੱਤਰਕਾਰੀ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਸਥਾਪਿਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' ਦਾ ਕੈਨੇਡਾ ਐਡੀਸ਼ਨ ਅਗਸਤ 2016 ਤੋਂ ਸ਼ੁਰੂ ਕੀਤਾ ਹੋਇਆ ਹੈ ਜਿਸ ਨੂੰ ਬਰੈਪਟਨ, ਟੋਰਾਂਟੋ ਵਿਖੇ ਲਾਈਬ੍ਰੇਰੀਆਂ ਵਾਸਤੇ ਮਾਨਤਾ ਮਿਲ ਗਈ ਹੈ। ਉਨ੍ਹਾਂ ਕਿਹਾ ਕਿ 'ਮਹਿਕ ਵਤਨ ਦੀ ਲਾਈਵ' ਮੈਗਜ਼ੀਨ ਦਿਨੋਂ-ਦਿਨ ਤਰੱਕੀ ਵੱਲ ਵਧ ਰਿਹਾ ਹੈ ਇਹ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਦੀ ਯੋਗ ਅਗਵਾਹੀ ਤੇ ਸਾਡੇ ਮਿਹਨਤੀ ਸਟਾਫ ਸਦਕਾ ਹੀ ਸੰਭਵ ਹੋ ਰਿਹਾ ਹੈ।

ਸ. ਭਜਨ ਸਿੰਘ ਬਾਹਬਾਂ ਨੇ ਇਸ ਮੌਕੇ 'ਮਹਿਕ ਵਤਨ ਦੀ ਲਾਈਵ' ਦੇ ਸਮੂੰਹ ਸਟਾਫ ਨੂੰ ਵਧਾਈ ਦਿੱਤੀ ਅਤੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ।




# ਕੈਨੇਡਾ ਵਾਲੇ ਮੁੰਡਾ ਜਾਂ ਕੁੜੀ ਹੁਣ ਜੀਵਨ ਸਾਥੀ ਨੂੰ 1 ਸਾਲ ਵਿੱਚ ਸੱਦ ਸਕਣਗੇ - ਮੰਤਰੀ ਜੌਹਨ ਮੈਕਲਮ



**ਬਰੈਂਪਟਨ, ਸਰੀ / ਭਵਨਦੀਪ ਸਿੰਘ ਪੁਰਬਾ**

ਕੈਨੇਡਾ ਦੇ ਇਮੀਗੇਸ਼ਨ ਮੰਤਰੀ ਜੌਹਨ ਮੈਕਲਮ ਨੇ ਕਿਹਾ ਕਿ ਸਰਕਾਰ ਕੈਨੇਡੀਅਨਾਂ ਅਤੇ ਕੈਨੇਡਾ ਦੇ ਪੱਕੇ ਨਾਗਰਿਕਾਂ ਲਈ ਆਪਣੇ ਜੀਵਨ ਸਾਥੀਆਂ ਨਾਲ ਮਿਲਣਾ ਸੌਖਾ ਕਰ ਰਹੀ ਹੈ ਅਤੇ ਪਰਿਵਾਰਾਂ ਨੂੰ ਜੋੜ ਰਹੀ ਹੈ।

ਬਰੈਂਪਟਨ ਪੱਛਮੀ ਤੋਂ ਐੱਮ.ਪੀ. ਕਮਲ ਖਹਿਰਾ ਦੀ ਰਾਈਡਿੰਗ ਵਿਚ ਇੰਡਸ ਕਮਿਊਨਿਟੀ ਸਰਵਿਸਜ਼ ਦੇ ਦਫਤਰ ਵਿਚ ਐਲਾਨ ਕਰਦੇ ਹੋਏ ਜੌਹਨ ਮੈਕਲਮ ਨੇ ਕਿਹਾ ਕਿ 2016 ਦੇ ਆਪਣੇ ਜੀਵਨ ਸਾਥੀਆਂ ਨੂੰ ਵਿਦੇਸ਼ਾਂ ਤੋਂ ਮੰਗਵਾਉਣ ਲਈ ਕੀਤੀਆਂ ਗਈਆਂ ਅਰਜ਼ੀਆਂ ਦੇ ਪ੍ਰਕਿਰਿਆ ਸਮੇਂ ਵਿਚ 15 ਫੀਸਦੀ ਅਤੇ ਕੈਨੇਡਾ ਦੇ ਬਾਹਰੋਂ ਕੀਤੀਆਂ ਗਈਆਂ ਅਰਜ਼ੀਆਂ ਦੇ ਪ੍ਰਕਿਰਿਆ ਸਮੇਂ ਵਿਚ 10 ਫੀਸਦੀ ਤੋਂ ਵਧੇਰੇ ਕਮੀ ਲਿਆਂਦੀ ਗਈ ਹੈ। ਪਰ ਹੁਣ ਇਸ ਸਮੇਂ ਵਿਚ ਹੋਰ ਕਮੀ ਲਿਆਂਦੀ ਜਾਵੇਗੀ ਤਾਂ ਜੋ ਕੈਨੇਡੀਅਨ ਨਾਗਰਿਕਾਂ ਨੂੰ ਆਪਣੇ ਜੀਵਨ ਸਾਥੀਆਂ ਤੋਂ ਲੰਬਾਂ ਸਮਾਂ ਦੂਰ ਨਾ ਰਹਿਣਾ ਪਵੇ। ਉਨ੍ਹਾਂ ਕਿਹਾ ਕਿ ਕੈਨੇਡਾ ਪਰਿਵਾਰਾਂ ਨਾਲ ਮਜ਼ਬੂਤ ਬਣਦਾ ਹੈ ਅਤੇ ਸਾਡਾ ਫਰਜ਼ ਹੈ ਕਿ ਪਰਿਵਾਰ ਇਕੱਠੇ ਰਹਿਣ। ਇਸ ਫੈਸਲੇ ਤੋਂ ਪਹਿਲਾਂ ਹੀ ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਪ੍ਰਕਿਰਿਆ ਵਿਚ ਹਨ, ਉਹ ਉਸੇ ਤਰ੍ਹਾਂ ਜਾਰੀ ਰਹਿਣਗੀਆਂ।

ਕੈਨੇਡਾ ਵਾਲੇ ਮੁੰਡਾ ਜਾਂ ਕੁੜੀ ਹੁਣ ਜੀਵਨ ਸਾਥੀ ਨੂੰ 1 ਸਾਲ ਵਿੱਚ ਸੱਦ ਸਕਣਗੇ, ਖਾਸ ਤੌਰ 'ਤੇ ਪੰਜਾਬੀਆਂ ਲਈ ਇਹ ਖੁਸ਼ਖਬਰੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਮੰਤਰੀ ਜੌਹਨ ਮੈਕਲਮ ਵੱਲੋਂ ਕੀਤੇ ਐਲਾਨ ਮੁਤਾਬਕ ਕੈਨੇਡਾ ਦੀ ਨਾਗਰਿਕਤਾ ਪ੍ਰਾਪਤ ਵਿਅਕਤੀ ਵੱਲੋਂ ਵਿਦੇਸ਼ ਵਿੱਚੋਂ ਆਪਣੇ ਪਤੀ ਜਾਂ ਪਤਨੀ ਨੂੰ ਪੱਕੇ ਤੌਰ 'ਤੇ ਮੰਗਵਾਉਣ ਦਾ ਸਮਾਂ ਘਟਾ ਦਿੱਤਾ ਗਿਆ ਹੈ। ਇਨ੍ਹਾਂ ਨਵੀਆਂ ਤਬਦੀਲੀਆਂ ਮੁਤਾਬਕ 2017 ਵਿਚ 64000 ਬਿਨੈਕਾਰਾਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ। ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਪੰਜਾਬੀਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

# ਕੈਨੇਡੀਅਨ ਪੁਲਸ 'ਚ ਭਰਤੀ ਹੋਣ ਲਈ ਤੁਸੀਂ ਵੀ ਕਰ ਸਕਦੇ ਹੋ ਅਪਲਾਈ

**ਓਟਾਵਾ—ਮਵਦੀਲਾ ਬਿਊਰੋ**




ਛੇ ਸਾਲ ਪਹਿਲਾਂ ਪੁਲਸ ਵਿਭਾਗ ਆਰ.ਸੀ.ਐੱਮ.ਪੀ. ਨੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਪੁਲਸ ਭਰਤੀ ਲਈ ਉਤਸ਼ਾਹਤ ਕਰਨ ਲਈ ਨਿਯਮਾਂ ਵਿਚ ਢਿੱਲ ਦਿੱਤੀ ਸੀ। ਇਨ੍ਹਾਂ ਤਬਦੀਲੀਆਂ ਮੁਤਾਬਕ ਆਰ. ਸੀ.ਐੱਮ.ਪੀ. ਲਈ ਅਪਲਾਈ ਕਰਨ ਲਈ ਬਿਨੈਕਾਰਾਂ ਕੋਲ ਹੁਣ ਕੈਨੇਡਾ ਦੀ ਨਾਗਰਿਕਤਾ ਹੋਣਾ ਜ਼ਰੂਰੀ ਨਹੀਂ। ਇਸ ਤੋਂ ਇਲਾਵਾ ਆਰ.ਸੀ.ਐੱਮ.ਪੀ. ਵਿਚ ਚੁਣੇ ਜਾਣ ਤੋਂ ਪਹਿਲਾਂ ਸਰੀਰਕ ਫਿੱਟਨੈੱਸ ਟੈਸਟ ਵਿਚ ਵੀ ਛੋਟ ਦਿੱਤੀ ਗਈ ਹੈ ਅਤੇ ਯੂਨੀਵਰਸਿਟੀ ਗ੍ਰੈਜੂਏਟਾਂ ਲਈ ਆਰ.ਸੀ.ਐੱਮ.ਪੀ. ਵਿਚ ਸ਼ਾਮਲ ਹੋਣ ਲਈ ਦਾਖਲਾ ਪ੍ਰੀਖਿਆ ਦੇਣ ਦੀ ਲੋੜ ਨੂੰ ਵੀ ਹਟਾ ਦਿੱਤਾ ਗਿਆ ਹੈ। ਇਨ੍ਹਾਂ ਨਿਯਮਾਂ ਵਿਚ ਢਿੱਲ ਕਾਰਨ ਵੱਡੀ ਗਿਣਤੀ ਵਿਚ ਲੋਕਾਂ ਨੇ ਆਰ.ਸੀ.ਐੱਮ.ਪੀ. ਲਈ ਅਪਲਾਈ ਕੀਤਾ। ਇਸ ਤਰ੍ਹਾਂ ਹਰ ਮਹੀਨੇ 300 ਤੋਂ 1100 ਲੋਕਾਂ ਨੇ ਪੁਲਸ ਵਿਭਾਗ ਵਿਚ ਸ਼ਾਮਲ ਹੋਣ ਲਈ ਅਪਲਾਈ ਕੀਤਾ।

ਜੇਕਰ ਤੁਸੀਂ ਕੈਨੇਡਾ ਵਿਚ ਰਹਿੰਦੇ ਹੋ ਅਤੇ ਤੁਹਾਡੇ ਕੋਲ ਕੈਨੇਡਾ ਦੀ ਨਾਗਰਿਕਤਾ ਨਹੀਂ ਹੈ, ਤਾਂ ਵੀ ਤੁਸੀਂ ਕੈਨੇਡੀਅਨ ਪੁਲਸ ਵਿਚ ਭਰਤੀ ਹੋਣ ਲਈ ਅਪਲਾਈ ਕਰ ਸਕਦੇ ਹੋ। ਰਾਇਲ ਕੈਨੇਡੀਅਨ ਮਾਊਂਟੇਡ ਪੁਲਸ (ਆਰ. ਸੀ. ਐੱਮ. ਪੀ.) ਲਈ ਅਪਲਾਈ ਕਰਨ ਦੇ ਨਿਯਮਾਂ ਵਿਚ ਢਿੱਲ ਦਿੱਤੇ ਜਾਣ ਤੋਂ ਬਾਅਦ ਆਰ.ਸੀ.ਐੱਮ.ਪੀ. ਲਈ ਇਸ ਸਾਲ 270 ਫੀਸਦੀ ਵਧੇਰੇ ਲੋਕਾਂ ਨੇ ਅਪਲਾਈ ਕੀਤਾ ਹੈ।


# ਅਮਰੀਕੀ ਲੋਕਾਂ ਦੀ ਜਗ੍ਹਾ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖੇ ਜਾਣ ਦੀ ਆਗਿਆ ਨਹੀਂ - ਟਰੰਪ



**ਵਾਸ਼ਿਗਟਨ/**

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਂਜ ਤਾਂ ਚੋਣ ਕੈਂਪੇਨ ਦੌਰਾਨ ਕਿਹਾ ਸੀ ਕਿ ਐਪਲ ਨੂੰ ਆਪਣੇ ਪ੍ਰੋਡਕਟਸ ਅਮਰੀਕਾ ਵਿਚ ਹੀ ਬਣਾਉਣ ਲਈ ਕਿਹਾ ਜਾਵੇਗਾ। ਹੁਣ ਟਰੰਪ ਨੇ ਇਹ ਸਾਫ ਕਰ ਦਿੱਤਾ ਹੈ ਕਿ ਅਮਰੀਕੀ ਕੰਪਨੀਆਂ ਜੇਕਰ ਦੂਜੇ ਦੇਸ਼ਾਂ ਵਿਚ ਪਲਾਂਟ ਲਗਾ ਕੇ ਪ੍ਰੋਡਕਟ ਨੂੰ ਅਮਰੀਕਾ ਵਿਚ ਵੇਚੇਗੀ, ਤਾਂ ਉਨ੍ਹਾਂ 35 ਫ਼ੀਸਦੀ ਟੈਕਸ ਦੇਣੇ ਹੋਣਗੇ। ਇਸ ਨਾਲ ਅਮਰੀਕੀ ਕੰਪਨੀਆਂ ਖਾਸ ਕਰਕੇ ਤਕਨਾਲੌਜੀ ਜਗਤ 'ਤੇ ਇਸ ਦਾ ਕਾਫੀ ਅਸਰ ਪਵੇਗਾ। ਇਸ ਨਾਲ ਮੇਕ ਇਨ ਇੰਡੀਆ 'ਤੇ ਵੀ ਅਸਰ ਪਵੇਗਾ। ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਐੱਚ 1-ਬੀ ਵੀਜ਼ਾ ਨੂੰ ਲੈ ਕੇ ਮੁੜ ਤੋਂ ਵੱਡਾ ਬਿਆਨ ਦਿੱਤਾ ਹੈ। ਟਰੰਪ ਨੇ ਕਿਹਾ ਹੈ ਕਿ ਅਮਰੀਕੀ ਲੋਕਾਂ ਦੀ ਰੋਜ਼ਗਾਰ ਸੁਰੱਖਿਆ ਉਨ੍ਹਾਂ ਦੀ ਪਹਿਲਕਦਮੀ ਹੈ ਅਤੇ ਉਹ ਅਮਰੀਕੀ ਲੋਕਾਂ ਦੀ ਜਗ੍ਹਾ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖੇ ਜਾਣ ਦੀ ਆਗਿਆ ਨਹੀਂ ਦੇਣਗੇ। ਵੀਜ਼ੇ ਦਾ ਮੁੱਦਾ ਟਰੰਪ ਨੇ ਚੋਣ ਪ੍ਰਚਾਰ ਦੌਰਾਨ ਵੀ ਪ੍ਰਮੁੱਖਤਾ ਨਾਲ ਚੁੱਕਿਆ ਸੀ ਅਤੇ ਕਿਹਾ ਸੀ ਕਿ ਅਮਰੀਕੀ ਲੋਕਾਂ ਦਾ ਰੋਜ਼ਗਾਰ ਉਹ ਕਿਸੇ ਹੋਰ ਦੇਸ਼ ਦੇ ਲੋਕਾਂ ਦੇ ਲਈ ਨਹੀਂ ਖੋਹਣ ਦੇਣਗੇ।

# ਸਿੱਖ ਫੌਜੀਆਂ ਦਾ ਇਤਿਹਾਸ ਪੜ੍ਹਾਇਆ ਜਾਵੇਗਾ ਕੈਨੇਡਾ ਦੇ ਸਕੂਲਾਂ 'ਚ



**ਸਰੀ/ਮਵਦੀਲਾ ਬਿਊਰੋ**

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਕੂਲਾਂ 'ਚ ਪੜ੍ਹਾਈ ਦਾ ਸਿਲੇਬਸ ਤੇ ਪੜ੍ਹਾਉਣ ਦੇ ਤਰੀਕੇ ਨੌਜਵਾਨ ਪੰਜਾਬੀ ਇਤਿਹਾਸਕਾਰ ਸਟੀਵ ਪੁਰੇਵਾਲ ਨੇ ਤਿਆਰ ਕੀਤੇ ਹਨ। ਇਸ ਕੰਮ ਲਈ ਬੀ.ਸੀ. ਸਰਕਾਰ ਨੇ ਪੁਰੇਵਾਲ ਨੂੰ ਕਰੀਬ ਢਾਈ ਲੱਖ ਡਾਲਰ ਦੀ ਮੁੱਢਲੀ ਸਹਾਇਤਾ ਦਿੱਤੀ ਸੀ। ਇਹ ਐਲਾਨ ਸਰੀ ਦੀ ਸਾਈਮਨ ਫਰੇਜ਼ਰ ਯੂਨੀਵਰਸਿਟੀ 'ਚ ਕੈਬਨਿਟ ਮੰਤਰੀ ਪੀਟਰ ਫਾਂਸਬੈਂਡਰ ਤੇ ਹੋਰ ਵਿਧਾਇਕਾਂ ਸਮੇਤ ਕੈਨੇਡਾ 'ਚ ਵਸਦੇ ਸਾਬਕਾ ਸਿੱਖ ਫੌਜੀਆਂ ਤੇ ਵਿਦਿਆਰਥੀਆਂ ਦੀ ਮੌਜੂਦਗੀ 'ਚ ਕੀਤਾ ਗਿਆ।

ਵਿਸ਼ਵ ਯੁੱਧ ਦੌਰਾਨ ਬਹਾਦਰੀ ਦਿਖਾਉਣ ਵਾਲੇ ਤਕਰੀਬਨ ਪੰਜ ਲੱਖ ਸਿੱਖ ਫੌਜੀਆਂ ਦੇ ਕਾਰਨਾਮਿਆਂ ਦਾ ਇਤਿਹਾਸ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ। ਇਸ ਤਹਿਤ ਕੈਨੇਡੀਅਨ ਲੋਕਾਂ ਨੂੰ ਪਤਾ ਲੱਗ ਸਕੇਗਾ ਕਿ ਮਨੁੱਖਤਾ ਨੂੰ ਬਰਬਾਦੀ ਤੋਂ ਬਚਾਉਣ ਲਈ ਹੋਏ ਦੋਵੇਂ ਵਿਸ਼ਵ ਯੁੱਧਾਂ ਦੌਰਾਨ ਸਿੱਖ ਫੌਜੀਆਂ ਨੇ ਕਿੰਨਾ ਯੋਗਦਾਨ ਪਾਇਆ ਸੀ।

ਇਸ ਐਲਾਨ ਦਾ ਸਭ ਨੇ ਤਾੜੀਆਂ ਦੀ ਗੜਗੜਾਹਟ ਨਾਲ ਸਵਾਗਤ ਕੀਤਾ। ਕੈਬਨਿਟ ਮੰਤਰੀ ਪੀਟਰ ਨੇ ਕਿਹਾ ਕਿ ਸਿੱਖਾਂ ਦੀਆਂ ਮਹਾਨ ਕੁਰਬਾਨੀਆਂ ਬਾਰੇ ਹਰ ਦੇਸ਼ਵਾਸੀ ਨੂੰ ਪਤਾ ਹੋਣਾ ਚਾਹੀਦਾ ਹੈ। ਸਮੂਹ ਪੰਜਾਬੀਆਂ ਤੇ ਵਿਦਿਆਰਥੀਆਂ ਨੇ ਸਰਕਾਰ ਦੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।

# ਜਮਾਉਣ ਵਾਲੀ ਠੰਡ 'ਚ ਵਿਨੀਪੈੱਗ ਦੀਆਂ ਸੜਕਾਂ 'ਤੇ ਮਿਸਾਲ ਬਣਿਆ ਜੋੜਾ



**ਵਿਨੀਪੈੱਗ— ਲਵਪ੍ਰੀਤ**

ਖੂਨ ਨੂੰ ਜਮਾ ਦੇਣ ਵਾਲੀ ਠੰਡ ਇਨ੍ਹਾਂ ਹਾਲਾਤ 'ਚ ਵਿਨੀਪੈੱਗ ਦਾ ਇਹ ਜੋੜਾ ਸ਼ਹਿਰ ਦੀਆਂ ਸੜਕਾਂ 'ਤੇ ਨਿਕਲ ਪਿਆ ਅਤੇ ਬਰਫਬਾਰੀ ਵਿਚ ਫਸੇ ਲੋਕਾਂ ਦੀ ਸਹਾਇਤਾ ਕਰਨ ਲੱਗ ਪਿਆ।

ਵਿਨੀਪੈੱਗ ਵਿਚ ਭਾਰੀ ਬਰਫਬਾਰੀ ਹੋ ਰਹੀ ਸੀ, ਇਸ ਦੌਰਾਨ 24 ਸਾਲਾ ਸਕਾਈਲਾਰ ਅਤੇ ਉਸ ਦੀ ਗਰਲਫਰੈਂਡ ਟੀਗਨ ਨੇ ਬਰਫਬਾਰੀ ਵਿਚ ਫਸੇ ਵਾਹਨਾਂ ਨੂੰ ਬਾਹਰ ਕੱਢਣ ਵਿਚ ਮਦਦ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਬਰਫ ਚੁੱਕਣ ਵਾਲੀਆਂ ਕਹੀਆਂ ਅਤੇ ਮਸ਼ੀਨਾਂ ਨਾਲ ਬਰਫ ਨੂੰ ਪਰ੍ਹੇ ਕੀਤਾ ਅਤੇ ਬਰਫ ਵਿਚ ਧਸੇ ਹੋਏ ਲੋਕਾਂ ਦੇ ਵਾਹਨਾਂ ਨੂੰ ਬਾਹਰ ਕੱਢਿਆ। ਸਾਰਾ ਦਿਨ ਉਹ ਬਰਫ 'ਚ ਧਸੇ ਵਾਹਨਾਂ ਨੂੰ ਬਾਹਰ ਕੱਢ ਕੇ ਲੋਕਾਂ ਦੀ ਮਦਦ ਕਰਦੇ ਰਹੇ ਤਾਂ ਜੋ ਇਹ ਲੋਕ ਸਮੇਂ ਸਿਰ ਆਪਣੇ ਘਰ ਪਹੁੰਚ ਸਕਣ।

ਬਰਫਬਾਰੀ ਦੌਰਾਨ ਲੋਕਾਂ ਲਈ ਇਹ ਜੋੜਾ ਰੱਬ ਬਣ ਕੇ ਬਹੁੜ ਗਿਆ। ਇਹ ਲੋਕ ਇਸ ਜੋੜੇ ਦੀ ਸੇਵਾ ਭਾਵਨਾ ਤੋਂ ਏਨੇ ਖੁਸ਼ ਹੋਏ ਕਿ ਉਨ੍ਹਾਂ ਨੇ ਇਨ੍ਹਾਂ ਨੂੰ ਘਰ ਆਉਣ ਦਾ ਸੱਦਾ ਤੱਕ ਦੇ ਦਿੱਤਾ। 10 ਘੰਟਿਆਂ ਤੱਕ ਇਸ ਜੋੜੇ ਨੇ ਬਰਫ ਵਿਚ ਫਸੀਆਂ 16 ਗੱਡੀਆਂ ਨੂੰ ਬਾਹਰ ਕੱਢਿਆ।